# ਦੇਖਭਾਲ ਦੇ ਕਿਸੇ ਹੋਰ ਸਥਾਨ ਵਿਖੇ ਜਾਣਾ

ਇਹ ਲੀਫ਼ਲੈੱਟ ਦੱਸਦਾ ਹੈ ਕਿ ਤੁਸੀਂ ਹਸਪਤਾਲ ਤੋਂ ਕਿਉਂ ਛੁੱਟੀ ਲੈ ਰਹੇ ਹੋ ਅਤੇ ਕੀ ਉਮੀਦ ਕੀਤੀ ਜਾਵੇ।

### ਤੁਸੀਂ ਹਸਪਤਾਲ ਤੋਂ ਛੁੱਟੀ ਲੈਣ ਵਾਸਤੇ ਤਿਆਰ ਹੋ

ਹੁਣ ਤੁਹਾਨੂੰ ਹਸਪਤਾਲ ਵਿਖੇ ਦੇਖਭਾਲ ਦੀ ਲੋੜ ਨਹੀਂ ਹੈ। ਅਸੀਂ ਸਭ ਮਿਲਾ ਕੇ ਇਸ ਗੱਲ 'ਤੇ ਸਹਿਮਤ ਹੋਏ ਹਾਂ ਕਿ ਤੁਹਾਡਾ ਹਸਪਤਾਲ ਤੋਂ ਛੁੱਟੀ ਲੈਣਾ ਸੁਰੱਖਿਅਤ ਹੈ। ਇਸ ਨਾਲ ਤੁਹਾਨੂੰ ਠੀਕ ਹੋਣ ਵਿੱਚ ਮਦਦਦ ਮਿਲੇਗੀ।

ਤੁਹਾਡੇ ਸਿਹਤ-ਲਾਭ ਵਿੱਚ ਸਹਾਇਤਾ ਵਾਸਤੇ, ਭਾਈਚਾਰੇ ਵਿੱਚ ਤੁਹਾਡੇ ਵਾਸਤੇ ਸੀਮਿਤ ਸਮੇਂ ਵਾਸਤੇ ਮੁਫ਼ਤ ਸਥਾਨ ਦੀ ਵਿਵਸਥਾ ਕੀਤੀ ਗਈ ਹੈ। ਜੇਕਰ ਤੁਸੀਂ ਇਹ ਦੇਖਭਾਲ ਸਵੀਕਾਰ ਨਾ ਕਰਨ ਦਾ ਫ਼ੈਸਲਾ ਲੈਂਦੇ ਹੋ ਤਾਂ ਤੁਸੀਂ ਹਸਪਤਾਲ ਵਿੱਚ ਨਹੀਂ ਰਹਿ ਸਕੋਗੇ। ਸਟਾਫ਼ ਦਾ ਇੱਕ ਮੈਂਬਰ ਤੁਹਾਡੀਆਂ ਚਿੰਤਾਵਾਂ ਦਾ ਜਵਾਬ ਦੇਵੇਗਾ, ਸਲਾਹ ਦੇਵੇਗਾ ਅਤੇ ਤੁਹਾਡੇ ਅਗਲੇ ਕਦਮ ਬਾਰੇ ਫ਼ੈਸਲਾ ਲੈਣ ਵਿੱਚ ਤੁਹਾਡੀ ਸਹਾਇਤਾ ਕਰੇਗਾ।

## ਤੁਹਾਡੇ ਵਾਸਤੇ ਹਸਪਤਾਲ ਤੋਂ ਛੁੱਟੀ ਲੈਣਾ ਬਿਹਤਰ ਕਿਉਂਕ ਹੈ

ਜ਼ਰੂਰਤ ਤੋਂ ਜ਼ਿਆਦਾ ਸਮੇਂ ਤੱਕ ਹਸਪਤਾਲ ਵਿੱਚ ਰਹਿਣਾ:

- ਤੁਹਾਨੂੰ ਸੰਕ੍ਰਮਣ ਹੋਣ ਦਾ ਖ਼ਤਰਾ ਵਧਾਉਂਦਾ ਹੈ।
- ਤੁਹਾਡੀਆਂ ਮਾਂਸਪੇਸ਼ੀਆਂ ਅਤੇ ਤਾਕਤ ਨੂੰ ਨੁਕਸਾਨ ਪਹੁੰਚਾਉਂਦਾ ਹੈ
- ਤੁਹਾਡੇ ਵਾਸਤੇ ਆਪਣੇ-ਆਪ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ

ਇਸ ਤੋਂ ਭਾਵ ਇਹ ਹੈ ਕਿ ਤੁਹਾਡੇ ਵਾਸਤੇ ਬਿਹਤਰ ਹੋਵੇਗਾ ਕਿ ਤੁਸੀਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਾਸਤੇ ਤਿਆਰ ਪਲਾਨ ਨਾਲ ਹਸਪਤਾਲ ਤੋਂ ਛੁੱਟੀ ਲਵੋ।

## ਤੁਹਾਡੇ ਦੁਆਰਾ ਹਸਪਤਾਲ ਤੋਂ ਛੁੱਟੀ ਲੈਣ ਤੋਂ ਬਾਅਦ ਸੰਭਾਲ

ਤੁਹਾਨੂੰ ਮਿਲਣ ਵਾਲੀ ਦੇਖਭਾਲ, ਸਹਾਇਤਾ ਅਤੇ ਥੈਰੇਪੀ ਦਾ ਪੱਧਰ ਤੁਹਾਡੀਆਂ ਵਿਅਕਤੀਗਤ ਜ਼ਰੂਰਤਾਂ 'ਤੇ ਨਿਰਭਰ ਕਰੇਗਾ।

ਤੁਹਾਡੀ ਰਿਹਾਇਸ਼ ਦੇ ਦੌਰਾਨ, ਭਾਈਚਾਰਕ ਟੀਮ ਤੁਹਾਡੀਆਂ ਚੱਲ ਰਹੀਆਂ ਜ਼ਰੂਰਤਾਂ ਦਾ ਆਂਕਲਣ ਕਰੇਗੀ। ਉਹ ਤੁਹਾਡੇ ਨਾਲ ਇਸ ਮੁਲਾਂਕਣ ਦੇ ਸਮੇਂ ਅਤੇ ਭਵਿੱਖ ਦੀਆਂ ਲਾਗਤਾਂ 'ਤੇ ਚਰਚਾ ਕਰਨਗੇ।

# ਹਸਪਤਾਲ ਤੋਂ ਬਾਹਰ ਸੰਪਰਕ

- ਭਾਈਚਾਰੇ ਵਿੱਚ ਆਪਣੇ ਸਥਾਨ ਬਾਰੇ ਸਵਾਲ ਪੁੱਛਣ ਵਾਸਤੇ, ਕਿਰਪਾ ਕਰਕੇ ਇਸ 'ਤੇ ਫ਼ੋਨ ਕਰੋ:

| |
|---|
| |

- **ਆਉਟਪੇਸ਼ੈਂਟ ਮੁਲਾਕਾਤਾਂ** ਬਾਰੇ ਸਵਾਲਾਂ ਵਾਸਤੇ, ਕਿਰਪਾ ਕਰਕੇ ਬੁਕਿੰਗ ਸੈਂਟਰ ਨੂੰ 02476 968555 'ਤੇ ਸੰਪਰਕ ਕਰੋ।
- **ਤੁਹਾਡੀ ਹਾਲ ਹੀ ਵਿੱਚ ਹਸਪਤਾਲ ਵਿੱਚ ਕੀਤੀ ਗਈ ਦੇਖਭਾਲ** ਬਾਰੇ ਸਵਾਲ ਪੁੱਛਣ ਵਾਸਤੇ, ਕਿਰਪਾ ਕਰਕੇ ਆਪਣੇ GP ਨੂੰ ਫ਼ੋਨ ਕਰੋ ਜਾਂ ਉਹਨਾਂ ਨੂੰ ਮਿਲੋ।

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹਦੀ ਹੈ ਤਾਂ ਕਿਰਪਾ ਕਰਕੇ ਸਾਡੇ ਸਟਾਫ਼ ਨੂੰ ਕਹੋ। ਅਸੀਂ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ।

UHCW ਦੀ ਤੰਬਾਕੂਨੋਸ਼ੀ ਮੁਕਤ ਨੀਤੀ ਹੈ।

### ਕੀ ਅਸੀਂ ਸਹੀ ਸਮਝਿਆ?

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਦੱਸੋ ਕਿ ਤੁਸੀਂ ਸਾਡੀਆਂ ਸੇਵਾਵਾਂ ਬਾਰੇ ਕੀ ਸੋਚਦੇ ਹੋ। ਇਸ ਨਾਲ ਸਾਨੂੰ ਅੱਗੇ ਹੋਰ ਸੁਧਾਰ ਕਰਨ ਅਤੇ ਵਧੀਆ ਸੇਵਾ ਪ੍ਰਦਾਨ ਕਰਨ ਵਾਲੇ ਸਟਾਫ਼ ਮੈਂਬਰਾਂ ਨੂੰ ਮਾਨਤਾ ਦੇਣ ਵਿੱਚ ਮਦਦ ਮਿਲਦੀ ਹੈ।

ਆਪਣੀ ਗੱਲ ਕਹੋ। QR ਕੋਡ ਸਕੈਨ ਕਰੋ ਜਾਂ ਇਸ 'ਤੇ ਜਾਓ:
www.uhcw.nhs.uk/feedback

ਅੱਪਡੇਟ ਕੀਤੀ: ਮਾਰਚ 2025 ਸਮੀਖਿਆ: ਮਾਰਚ 2028 ਵਰਜ਼ਨ: 1 ਸੰਦਰਭ: HIC/LFT/3043/25